੨੫੪

ਖਸਮੁ ਛੋਡਿ ਦੂਜੈ ਲਗੇ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

- ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥ ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ॥
ਕਰਿ ਕਿਰਪਾ ਪਾਰਿ ਉਤਾਰਿਆ॥ (੪੭੦)

- ਏਕੋ ਸੇਵੀ ਸਦਾ ਥਿਰੁ ਸਾਚਾ॥ ਦੂਜੈ ਲਾਗਾ ਸਭੁ ਜਗੁ ਕਾਚਾ॥
ਗੁਰਮਤੀ ਸਦਾ ਸਚੁ ਸਾਲਾਹੀ ਸਾਚੇ ਹੀ ਸਾਚਿ ਪਤੀਜੈ ਹੇ॥ (੧੦੪੯)

- ਮਨਮੁਖੁ ਬਹੁਤੁ ਕਰੇ ਅਭਿਮਾਨੁ॥ ਦਰਗਹ ਕਬ ਹੀ ਨ ਪਾਵੈ ਮਾਨੁ॥
ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ॥ (੧੦੬੬)

"ਖਸਮ ਛੋਡਿ ਦੂਜੈ ਲਗੇ" ਦਾ ਅਰਥ ਹੈ ਕਿ ਆਪਣੇ ਮਾਲਕ ਨੂੰ ਤਿਆਗ ਕੇ ਕਿਸੇ ਦੂਜੇ ਇਸ਼ਟ ਨਾਲ ਪਿਆਰ ਪਾ ਲੈਣਾ। **"ਦੂਜੈ ਲਗੇ"** ਦੇ ਪਾਠ ਦਾ ਕੀ ਭਾਵ ਹੈ? ਕੀ ਕਿਸੇ ਸਾਧ ਸੰਤ ਨੂੰ ਕਿਹਾ ਹੈ, ਜਾਂ ਦੇਹਧਾਰੀ ਗੁਰੂ ਵੱਲ ਇਸ਼ਾਰਾ ਹੈ, ਜਾਂ ਮਾਇਆ ਦੇ ਮੋਹ ਦਾ ਸੰਕੇਤ ਹੈ? ਇਸ ਭੁਲੇਖੇ ਨੂੰ ਗੁਰਬਾਣੀ ਇੰਜ ਨਵਿਰਤ ਕਰਦੀ ਹੈ:

- ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥(੪੬੩)

ਅਕਾਲ ਪੁਰਖ ਨੇ ਆਪ ਆਪਣੇ ਆਪ ਨੂੰ ਸਾਜਿਆ ਅਤੇ ਆਪ ਹੀ ਆਪਣਾ ਨਾਮਨਾ ਬਣਾਇਆ। ਫਿਰ ਦੂਜੀ ਉਸ ਨੇ ਕੁਦਰਤ ਰਚੀ ਅਤੇ ਉਸ ਵਿੱਚ ਵਿਆਪਕ ਹੋ ਕੇ ਇਸ ਜਗਤ ਦਾ ਤਮਾਸ਼ਾ (ਚਾਉ) ਵੇਖਣ ਲੱਗ ਪਿਆ।

ਇਸ ਤੁਕ ਰਾਹੀਂ ਸਪੱਸ਼ਟ ਹੈ ਕਿ ਦੂਜੇ ਦਾ ਅਰਥ ਹੈ ਪ੍ਰਭੂ ਦਾ ਬਣਾਇਆ ਇਹ ਸੰਸਾਰ। **"ਖਸਮ ਛੋਡਿ ਦੂਜੈ ਲਗੇ"** ਦਾ ਭਾਵ ਹੈ ਸੰਸਾਰ ਦੇ ਮੋਹ ਵਿੱਚ ਫਸ ਕੇ ਪ੍ਰਭੂ ਨੂੰ ਵਿਸਾਰ ਦੇਣਾ। ਅਗਲੇ ਪ੍ਰਮਾਣ ਇਸ ਆਸ਼ੇ ਨੂੰ ਹੋਰ ਸਪੱਸ਼ਟ ਕਰਦੇ ਹਨ:

- ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ॥ ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ॥
ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ॥ (੧੩੯)

- ਤੁਧੁ ਆਪੇ ਆਪੁ ਉਪਾਇਆ॥ ਦੂਜਾ ਖੇਲੁ ਕਰਿ ਦਿਖਲਾਇਆ॥
ਸਭੁ ਸਚੋ ਸਚੁ ਵਰਤਦਾ ਜਿਸੁ ਭਾਵੈ ਤਿਸੈ ਬੁਝਾਇ ਜੀਉ॥ (੭੩)

ਮਾਇਆ ਦਾ ਦੂਜਾ ਨਾਂਅ ਸੰਸਾਰ ਹੈ। ਦ੍ਰਿਸ਼ਟਮਾਨ ਸੰਸਾਰ ਰਚਨਾ ਸਭ ਮਾਇਆ ਦਾ ਹੀ ਪਸਾਰਾ ਹੈ। ਸੰਸਾਰ ਦਾ ਮੋਹ ਭਾਵ ਮਾਇਆ ਦਾ ਮੋਹ ਪ੍ਰਮਾਤਮਾ ਤੋਂ ਵਿਥ ਪਾਉਣ ਵਾਲਾ ਹੈ। ਸੋ **"ਦੂਜੈ ਲਗੇ"** ਦਾ ਅਰਥ ਪ੍ਰਭੂ ਨਾਲੋਂ ਟੁੱਟ ਕੇ ਉਸ ਦੀ ਬਣਾਈ ਮਾਇਆ ਦੇ ਮੋਹ ਵਿੱਚ ਫਸ ਜਾਣਾ। ਮਾਇਆ ਦੇ ਉਚੇਰੇ ਪ੍ਰਭਾਵ ਹੇਠ ਆ ਕੇ ਦੁੱਖੀ ਹੋਏ ਮਨੁੱਖ ਨੂੰ ਸੁਚੇਤ ਕਰਨ ਲਈ ਸਤਿਗੁਰਾਂ ਨੇ ਮਾਇਆ ਨੂੰ ਅੱਡਰੇ ਤੌਰ 'ਤੇ ਵੀ **"ਦੂਜੀ"** ਫੁਰਮਾ ਕੇ ਉਸ ਦੇ ਭੈੜੇ ਅਸਰਾਂ ਦਾ ਵਰਣਨ ਕੀਤਾ ਹੈ:

- ਦੂਜੀ ਮਾਇਆ ਜਗਤ ਚਿਤ ਵਾਸੁ॥ ਕਾਮ ਕ੍ਰੋਧ ਅਹੰਕਾਰ ਬਿਨਾਸੁ॥
ਦੂਜਾ ਕਉਨੁ ਕਹਾ ਨਹੀ ਕੋਈ॥ ਸਭ ਮਹਿ ਏਕੁ ਨਿਰੰਜਨੁ ਸੋਈ॥ਰਹਾਉ॥

ਦੂਜੀ ਦੁਰਮਤਿ ਆਧੈ ਦੋਇ॥ ਆਵੈ ਜਾਇ ਮਰਿ ਦੂਜਾ ਹੋਇ॥ (੨੨੩)

- ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ॥
ਨਾਨਕ ਏਕੁ ਛੋਡਿ ਦੂਜੈ ਲਗੈ ਸਾ ਜਿਹਵਾ ਜਲਿ ਜਾਉ॥ (੫੧੬)

- ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥ ਤਾ ਕੀ ਕੀਮਤਿ ਨ ਪਵੈ ਜੇ ਲੋਚੈ ਕੋਈ॥
ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ॥
ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ॥
ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ॥
ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥ (੭੬੭)

- ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ॥
ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ॥ (੧੩੮੩)

- ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹਰੇਰੁ॥ ਵੇਖੇ ਛਿਟਿੜਿ ਥੀਵਦੋ ਜਾਮਿ ਖਿਸੰਦੋ ਪੇਰੁ॥ (੧੦੯੫)

- ਸਚੁ ਜਾਣੈ ਕਚੁ ਵੈਦਿਓ ਤੂ ਆਘੂ ਆਘੇ ਸਲਵੇ॥
ਨਾਨਕ ਆਤਸੜੀ ਮੰਝਿ ਨੈਣੂ ਬਿਆ ਢਲਿ ਪਬਣਿ ਜਿਉ ਜੁੰਮਿਓ॥ (੧੦੯੫)

- ਦੁਰਜਨ ਤੂ ਜਲੁ ਭਾਹੜੀ ਵਿਛੋੜੇ ਮਰਿ ਜਾਹਿ॥ ਕੰਤਾ ਤੂ ਸਉ ਸੇਜੜੀ ਮੈਡਾ ਹਭੋ ਦੁਖੁ ਉਲਾਹਿ॥ (੧੦੯੪)

ਅੱਗੇ ਹੁਣ ਸਤਿਗੁਰੂ ਸਮਝਾਉਂਦੇ ਹਨ ਕਿ ਮਨੁੱਖ ਲਈ ਦੁਰਜਨ ਅਥਵਾ ਦੁਸ਼ਮਣ ਦੂਜਾ ਭਾਉ ਹੈ ਅਤੇ ਪ੍ਰਭੂ ਨਾਲੋਂ ਵਿਛੋੜੇ ਦਾ ਕਾਰਨ ਬਣਨ ਵਾਲਾ ਇਹ ਹਉਮੈ ਰੋਗ ਹੈ:

- ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ॥ ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ॥ (੧੦੯੪)

ਦੂਜਾ ਭਾਉ, ਦੁਬਿਧਾ, ਦੂਈ ਦਵੈਤ

ਮਾਇਆ ਦੇ ਹੰਕਾਰ ਤੋਂ ਉਪਜਿਆ ਦੂਜਾ ਭਾਉ ਮਨੁੱਖ ਦੇ ਅੰਦਰ ਮੇਰ ਤੇਰ ਅਥਵਾ ਦੂਜਗੀ ਦੇ ਭਾਵ ਪੈਦਾ ਕਰਦਾ ਹੈ। ਘ੍ਰਿਣਾ, ਸਾੜਾ, ਫੁੱਟ ਆਦਿ ਅਵਗੁਣ ਆਤਮਿਕ ਅਡੋਲਤਾ ਅਤੇ ਕ੍ਰਾਤਰੀ ਪਿਆਰ ਦੀ ਤਬਾਹੀ ਦਾ ਕਾਰਨ ਬਣਦੇ ਹਨ। ਮਨੁੱਖਾ ਸਰੀਰ ਦੁੱਖਾਂ ਦਾ ਘਰ ਬਣ ਕੇ ਜਨਮ ਮਰਨ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ।

- ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ॥ (੬੮)

- ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ॥
ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ॥ਪਉੜੀ॥
ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ॥ ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ॥
ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ॥ ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ॥
ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ॥ ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ॥
ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ॥ ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ॥(੨੯੬)

ਸ੍ਰਿਸ਼ਟੀ ਰਚਨਾ ਪ੍ਰਭੂ ਦਾ ਇੱਕ ਖੇਲ ਹੈ। ਮਾਇਆ ਅਗਨੀ ਵੀ ਪ੍ਰਭੂ ਦੇ ਖੇਲ ਦਾ ਹੀ ਹਿੱਸਾ ਹੈ:

- ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥ (੯੨੧)

ਮਾਇਆ ਅਤੇ ਮਾਇਆ ਦਾ ਮੋਹ ਸਭ ਕੁੱਝ ਕਰਤੇ ਨੇ ਆਪ ਹੀ ਲਾਇਆ ਹੈ, ਇਸ ਲਈ ਮਾਇਆ ਦੇ ਜ਼ਹਿਰੀਲੇ ਡੰਗ ਤੋਂ ਕੇਵਲ ਸਤਿਗੁਰਾਂ ਦੀ ਮਿਹਰ ਹੀ ਬਚਾ ਸਕਦੀ ਹੈ। ਸਤਿਗੁਰਾਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਹੁਕਮ ਵਿੱਚ ਰਹਿਣਾ, ਉਨ੍ਹਾਂ ਦੇ ਦਰਸਾਏ ਜੀਵਨ ਰਸਤੇ ਤੇ ਤੁਰਨਾ ਹੀ ਗੁਰਮਤਿ ਦਾ ਵਿਧਾਨ ਹੈ। ਪ੍ਰਮਾਤਮਾ ਦੇ ਹੁਕਮ ਵਿੱਚ ਰਹਿੰਦਿਆਂ ਉਸ ਦੀ ਮਿਹਰ ਦੇ ਪਾਤਰ ਬਣਨਾ ਹੈ ਅਤੇ ਸੰਸਾਰ ਸਮੁੰਦਰ ਤੋਂ ਪਾਰ ਲੰਘਣਾ ਹੈ:

– ਮਾਇਆ ਕਾਰਣਿ ਸਦ ਹੀ ਝੂਰੈ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ॥
ਨਿਰਭਉ ਨਿਰੰਕਾਰ ਦਾਤਾਰੁ॥ ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ॥
ਸਭ ਸਾਹਾ ਸਿਰਿ ਸਾਚਾ ਸਾਹੁ॥ ਵੇਮੁਹਤਾਜੁ ਪੂਰਾ ਪਾਤਿਸਾਹੁ॥
ਮੋਹ ਮਗਨ ਲਪਟਿਓ ਭ੍ਰਮ ਗਿਰਹ॥ ਨਾਨਕ ਤਰੀਐ ਤੇਰੀ ਮਿਹਰ॥ (੮੯੩)

ਜਨਮ ਲੈਣ ਸਾਰ ਮਨੁੱਖ ਤੇ **"ਮਾਇਆ ਅਮਰੁ ਵਰਤਾਇਆ"** ਮਾਇਆ ਆਪਣਾ ਰਾਜ ਸਥਾਪਤ ਕਰ ਲੈਂਦੀ ਹੈ। ਫਿਰ ਸਾਰੀ ਉਮਰ ਉਸੇ ਦੇ ਮੋਹ ਵਿੱਚ ਫਸਿਆ ਜੀਵ ਕਈ ਪ੍ਰਕਾਰ ਦੇ ਨਾਚ ਨੱਚਦਾ ਕਈ ਭੁੱਲਾਂ ਕਰਦਾ ਹੈ, **"ਮਾਇਆ ਲਗਿ ਭੂਲੋ ਸੰਸਾਰੁ॥** " ਮਨੁੱਖੀ ਮਨ ਦਾ ਮਾਇਕ ਪਦਾਰਥਾਂ ਦੀ ਲਾਲਸਾ ਅਤੇ ਲੋਭ ਵਾਲਾ ਪੱਖ ਬੜਾ ਵਚਿੱਤ੍ਰ ਹੈ। ਪਦਾਰਥਾਂ ਦੀ ਪਕੜ ਦੇ ਨਸ਼ੇ ਕਾਰਨ ਮਨੁੱਖ ਉਸੇ ਮੌਤ ਨੂੰ ਸੱਚ ਮੰਨਣ ਲਈ ਤਿਆਰ ਨਹੀਂ ਹੈ, ਜਿਸ ਮੌਤ ਤੋਂ ਬਚਿਆ ਰਹਿਣ ਲਈ ਅੰਮ੍ਰਿਤ ਦੀ ਭਾਲ ਵਿੱਚ ਲੱਗੇ ਨੂੰ ਕਈ ਪੀੜ੍ਹੀਆਂ ਬੀਤ ਗਈਆਂ ਹਨ। ਮਾਇਆ ਖਾਤਰ ਮਨੁੱਖ ਵੱਡੇ ਤੋਂ ਵੱਡਾ ਜ਼ੁਲਮ ਕਰਕੇ ਦੁਖਦਾਈ ਨਰਕਾਂ ਦੀ ਅੱਗ ਦਾ ਡਰ ਵੀ ਭੁੱਲ ਜਾਂਦਾ ਹੈ। ਸਤਿਗੁਰਾਂ ਦਾ ਫੁਰਮਾਨ ਹੈ:

– ਮਾਇਆ ਮੋਹਿ ਸਗਲ ਜਗੁ ਛਾਇਆ॥ ਕਾਮਣਿ ਦੇਖਿ ਕਾਮਿ ਲੋਭਾਇਆ॥
ਸੁਤ ਕੰਚਨ ਸਿਉ ਹੇਤੁ ਵਧਾਇਆ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ॥ (੧੩੪੨)

ਮਾਇਆ ਮੋਹ ਦੀ ਪਕੜ ਵਿੱਚ ਆ ਚੁੱਕੇ ਮਨੁੱਖ ਨੂੰ ਆਪਣੇ ਸਿਰਜਣਹਾਰ ਪ੍ਰਮਾਤਮਾ ਦੀ ਹੀ ਯਾਦ ਵਿਸਰ ਗਈ, ਫਿਰ ਮੌਤ ਕਿੱਥੇ ਯਾਦ ਰਹਿਣੀ ਸੀ ਅਤੇ ਫਿਰ ਪ੍ਰਮਾਤਮਾ ਨੂੰ ਭੁਲਾਈ ਬੈਠੇ ਮਨੁੱਖ ਦਾ ਸਰੀਰ ਵਿਕਾਰਾਂ ਦਾ ਅੱਡਾ ਬਣ ਜਾਂਦਾ ਹੈ। ਮਨੁੱਖ ਨੂੰ ਮਾਨਸਿਕ ਰੋਗੀ ਬਣਾ ਦੇਣ ਵਾਲੇ ਬਿਪਰ ਨੇ ਆਪਣੀ ਨਿੱਜੀ ਲੋੜ ਅਨੁਸਾਰ ਧਰਮ ਦੇ ਅਰਥ ਵੀ ਬਦਲ ਦਿੱਤੇ। ਬਹੁਰੰਗੀ ਮਾਇਆ ਦੇ ਮੋਹ ਕਾਰਨ ਹੀ ਪ੍ਰਮਾਤਮਾ ਦੇ ਕਈ ਰੂਪ ਚਿਤਵੇ ਅਤੇ ਉਨ੍ਹਾਂ ਦੀਆਂ ਮੂਰਤੀਆਂ ਨੂੰ ਮੰਦਰਾਂ ਵਿੱਚ ਰੱਖ ਕੇ ਲੋਕਾਂ ਨੂੰ ਲੁੱਟਣਾ ਅਰੰਭ ਕਰ ਦਿੱਤਾ। ਦਾਨ ਤੋਂ ਮਿਲਦੇ ਮਨ-ਇੱਛੇ ਫਲਾਂ ਦੇ ਭਰਮ ਜਾਲ ਵਿੱਚ ਫਸਾ ਕੇ ਲਗਪਗ ਸਾਰੇ ਧਰਮ ਅਸਥਾਨਾਂ ਤੇ ਦਾਨ ਦੇ ਬਹਾਨੇ ਮਾਇਆ ਦੀ ਲੁੱਟ ਅੱਜ ਵੀ ਨਿਰੰਤਰ ਜਾਰੀ ਹੈ। ਮੋਹ ਅਤੇ ਲੋਭ ਮਨੁੱਖ ਨੂੰ ਅਣਖਹੀਣ ਅਤੇ ਨਿਤਾਣਾ ਬਣਾ ਦਿੰਦਾ ਹੈ। ਤ੍ਰੈਗੁਣੀ ਮਾਇਆ ਦੇ ਭੰਡਾਰ ਭਰ ਲੈਣ ਦੀਆਂ ਵਿਚਾਰਾਂ ਨਾਲ ਜੋੜ ਦੇਣ ਵਾਲੀ ਬ੍ਰਾਹਮਣੀ ਮੱਤ ਦੀ ਉਪਜ, ਵੇਦਾਂ ਦੀ ਸਿੱਖਿਆ (**ਤ੍ਰੈਗੁਣ ਬਾਣੀ ਬੇਦ ਬੀਚਾਰ, ਬੇਦ ਬਾਣੀ ਜਗ ਵਰਤਦਾ, ਤ੍ਰੈਗੁਣ ਕਰੇ ਬੀਚਾਰੁ**) ਦੇ ਕਾਰਨ ਮਨੁੱਖ ਸ਼ੁਭ ਗੁਣਾਂ ਵਾਲੇ ਜੀਵਨ ਦੀ ਰਹਿਣੀ ਭੁਲਾ ਬੈਠਾ। ਜਦ ਸੰਭਾਲ ਕਰਨ ਵਾਲਾ ਘਰ ਦਾ ਮਾਲਕ ਲੰਮੀਆਂ ਤਾਣ ਕੇ ਸੌਂ ਜਾਂਦਾ ਹੈ ਤਾਂ ਚੋਰਾਂ, ਲੁਟੇਰਿਆਂ ਲਈ ਰਾਹ ਖੁੱਲ੍ਹ ਜਾਂਦਾ ਹੈ। ਦੇਸ਼ ਦੀ ਅਣਖ ਅਤੇ ਧਨ ਨੂੰ ਵਿਦੇਸ਼ੀਆਂ ਨੇ ਲੁੱਟਣਾ ਆਰੰਭ ਕਰ ਦਿੱਤਾ। ਡੂੰਘੀ ਨੀਂਦ ਵਿੱਚ ਸੁੱਤਾ ਦੇਸ਼ਵਾਸੀ ਗੁਲਾਮੀ ਦੇ ਸੰਗਲਾਂ ਵਿੱਚ ਜਕੜਿਆ ਗਿਆ।

ਮਾਇਆ ਮੋਹ ਦੇ ਝੂਠੇ ਮਦ ਵਿੱਚ ਮਦਹੋਸ਼ ਸੁੱਤੇ ਮਨੁੱਖ ਦੀ ਘੂਕੀ ਤੋੜ ਕੇ ਸਤਿਗੁਰਾਂ ਨੇ ਉਸ ਨੂੰ ਨਿਆਰੇ ਆਚਰਣ ਵਾਲਾ ਸੁਚੇਤ ਬਣਾਉਣਾ ਸੀ। ਇਸ ਸ਼ੁਭ ਪਰ ਬੜੇ ਕਠਨ ਕਾਰਜ ਦੀ ਸਿੱਧੀ ਲਈ ਹਜ਼ਾਰਾਂ ਸਾਲਾਂ ਤੋਂ ਅਮਰ ਵਰਤਾਈ ਬੈਠੇ ਝੂਠ ਦੀ ਅਸਲੀਅਤ ਨੂੰ ਨੰਗਿਆਂ ਕਰਨਾ ਸੀ। ਜਿਸ ਝੂਠ ਨੂੰ ਮਨੁੱਖ ਨੇ ਆਪਣਾ ਇਸ਼ਟ ਮੰਨ ਕੇ ਸਰਬ ਕਲਾ ਸਮਰਥ ਆਪਣਾ ਮੁਕਤੀ ਦਾਤਾ ਮੰਨ ਲਿਆ ਹੋਇਆ ਸੀ, ਉਸ ਝੂਠ ਨੂੰ ਸਿੱਧੇ ਅਤੇ ਸਾਫ਼ ਸ਼ਬਦਾਂ ਵਿੱਚ ਝੂਠ ਕਹਿਣ ਨਾਲ ਝੂਠ ਦੇ ਪੁਜਾਰੀਆਂ ਦੀ ਸ਼ਰਧਾ ਨੂੰ ਚੋਟ ਵੱਜਦੀ ਸੀ। ਸਰਬੱਤ ਦੇ ਗੁਰੂ, ਸਭਨਾਂ ਦੇ ਸਾਂਝੇ ਸਤਿਗੁਰੂ ਨਾਨਕ ਸਾਹਿਬ ਨੇ ਕਿਸੇ ਦਾ ਦਿਲ ਵੀ ਨਹੀਂ ਸੀ ਦੁਖਾਉਣਾ। ਸੋ ਸਤਿਗੁਰਾਂ ਨੇ ਰੋਜ਼ ਦੀ ਬੋਲੀ ਦੇ ਕਈ ਪ੍ਰਚੱਲਤ ਸ਼ਬਦਾਂ ਨੂੰ ਅੱਡ-ਅੱਡ ਢੰਗਾਂ ਨਾਲ ਵਰਤ ਕੇ, ਬੜੀ ਮਿੱਠੀ ਸ਼ਬਦਾਵਲੀ ਵਿੱਚ ਕਈ ਪੱਖਾਂ ਤੋਂ ਮਨਮੋਹਣੇ ਮਾਇਆ ਨਾਗ ਦੀ ਅਸਲੀਅਤ ਸਮਝਾਉਣ ਵਾਲੀ ਅਨੂਪਮ ਵਿਧੀ ਵਰਤੀ।

ਮਿੱਠ ਬੋਲੜੇ ਸੱਜਣ ਨੇ ਮੁਰਦਾ ਹੋ ਚੁੱਕੇ ਮਨੁੱਖ ਨੂੰ ਝਟਪਟ ਮੁਰਦਾ ਨਹੀਂ ਕਿਹਾ। ਨਾ ਮਾਇਆ ਮੋਹ ਦੇ ਮਦ ਵਿੱਚ ਅੰਨ੍ਹੇ ਹੋਏ ਨੂੰ ਅੰਨ੍ਹਾ ਹੀ ਆਖਿਆ ਸਗੋਂ ਉਸ ਨੂੰ ਸੁੱਤਾ ਹੋਇਆ ਕਹਿ ਕੇ ਜਗਾਉਣ ਦਾ ਉਪਰਾਲਾ ਕਰਨਾ ਅਰੰਭਿਆ। ਮਾਇਆ ਗ੍ਰਸੇ, ਹੰਕਾਰੀ ਦੇਵੀ ਦੇਵਤਿਆਂ ਦੇ ਪੁਜਾਰੀ, ਅਗਿਆਨੀ ਮਨੁੱਖ ਦੀ ਇਸ ਬਹੁਰੰਗੀ ਮਾਇਆ ਮੋਹ ਪਦ ਦੀ ਘੂਕੀ ਨੂੰ ਤੋੜ ਕੇ ਉਸ ਨੂੰ ਇੱਕ ਅਕਾਲ ਦਾ ਪੁਜਾਰੀ, ਸੰਤ ਸੂਰਮਾ ਬਨਾਉਣ ਲਈ ਜੋ ਅਦੁੱਤੀ ਉੱਦਮ ਕੀਤਾ, ਉਸ ਤੋਂ ਪ੍ਰਭਾਵਿਤ ਹੋ ਕੇ ਉਰਦੂ ਦੇ ਸ਼ਾਇਰ ਇਕਬਾਲ ਨੇ ਸਤਿਗੁਰੂ ਨਾਨਕ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਲਿਖਿਆ:

– ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ। ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ।

ਹਜ਼ਾਰਾਂ ਸਾਲਾਂ ਤੋਂ ਕ੍ਰੋੜਾਂ ਦੇਵੀ ਦੇਵਤਿਆਂ ਦੀ ਪੂਜਾ ਨੂੰ ਕਲਿਆਣਕਾਰੀ ਧਰਮ ਮੰਨ ਬੈਠਾ ਭਾਰਤੀ ਏਕਤਾ ਤੋਂ ਲੱਖਾਂ ਕੋਹ ਦੂਰ ਜਾ ਚੁੱਕੇ ਮਨੁੱਖ, ਸੱਚੇ ਦਿਲੋਂ ਮਿਥਿਹਾਸ ਪੁਜਾਰੀ ਬਣ ਚੁੱਕੇ ਜਨੂੰਨੀ ਨੂੰ ਇਹ ਸਮਝਾਉਣਾ ਸੀ ਕਿ ਉਹ ਸੱਚ ਹੀ ਨਹੀਂ, ਸਗੋਂ ਝੂਠ ਦੀ ਨਿਸਫ਼ਲ ਪੂਜਾ ਕਰ ਰਿਹਾ ਹੈ। ਮਨੁੱਖ ਨੂੰ ਝੂਠ ਦੀ ਦਲਦਲ ਵਿੱਚੋਂ ਕੱਢਣ ਆਏ, ਮਨੁੱਖਤਾ ਦੇ ਸੱਚੇ ਸੱਜਣ, ਸ੍ਰੀ ਗੁਰੂ ਨਾਨਕ ਸਾਹਿਬ ਜੀ ਮਨੁੱਖਤਾ ਲਈ ਧੁਰੋਂ ਹੀ ਪਿਆਰਾਂ ਲੱਦਿਆ ਹਿਰਦਾ ਲੈ ਕੇ ਆਏ ਸਨ। ਸੰਸਾਰ ਵਿੱਚ ਇੱਕ ਉਹੀ ਅਜੇਹੇ ਰਹਿਬਰ ਹੋਏ ਹਨ ਜਿੰਨ੍ਹਾਂ ਕਦੇ ਵੀ ਕਿਸੇ ਦਾ ਦਿਲ ਨਹੀਂ ਦੁਖਾਇਆ ਅਤੇ ਜਿਸ ਸਤਿਗੁਰੂ ਪਾਤਸ਼ਾਹ ਜੀ ਨੂੰ ਸਾਰੇ ਮਨੁੱਖ ਆਪਣਾ ਮਿੱਤਰ ਜਾਣਦੇ ਸਨ:

– ਸਜਨੁ ਮੈਡਾ ਚਾਈਆ ਹਭ ਕਹੀ ਦਾ ਮਿਤੁ॥ ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ॥ (੧੦੯੬)

ਪ੍ਰਮਾਤਮਾ ਦੇ ਗੁਣਾਂ ਦਾ ਸਿਮਰਨ ਕਰਨ ਵਾਲਾ ਉਸ ਦਾ ਸੱਚਾ ਭਗਤ ਪ੍ਰਭੂ ਦੇ ਗੁਣਾਂ ਵਿੱਚ ਲੀਨ ਹੋ ਜਾਣ ਨਾਲ ਰੱਬੀ ਗੁਣਾਂ ਦਾ ਮਾਲਕ ਬਣ ਚੁੱਕਾ ਸੀ, **“ਗੁਣ ਕਹਿ ਗੁਣੀ ਸਮਾਣੇ॥”** ਸੰਸਾਰ ਨੂੰ ਦੁੱਖਾਂ ਦਾ ਘਰ ਸਮਝਣ ਵਾਲੇ ਮਨੁੱਖ ਨੂੰ ਦੱਸਣਾ ਸੀ ਕਿ ਇਹ ਸੰਸਾਰ ਪਿਆਰੇ ਪ੍ਰੀਤਮ ਦਾ ਸਾਕਾਰ ਰੂਪ ਹੈ:

– ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ (੯੨੨)

ਇਸ ਨੂੰ ਦੁੱਖਾਂ ਦਾ ਘਰ ਕਹਿ ਕੇ ਤਿਆਗਣਾ ਨਹੀਂ ਹੈ, ਇਸ ਦੀ ਅਸਲੀਅਤ ਸਮਝ ਕੇ ਇਸ ਨਾਲ ਮੋਹ ਨਹੀਂ ਸਗੋਂ ਪਿਆਰ ਕਰਨਾ ਹੈ। ਜਗਤ ਦੇ ਸਿਰਜਣਹਾਰ ਪ੍ਰਭੂ ਪਤੀ ਦੇ ਹੁਕਮ ਨੂੰ ਬੁੱਝ ਕੇ ਸੁਖੀ ਹੋਣਾ ਹੈ, **“ਤਿਸੁ ਕਾ ਹੁਕਮ ਬੂਝਿ ਸੁਖ ਹੋਇ”**॥ ਇਹ ਸਮਝਣਾ ਹੈ ਕਿ ਇਹ ਧਰਤੀ ਧਰਮਸਾਲ ਹੈ। ਏਹ ਜਗਤ ਤਾਂ ਉਹ ਵਿੱਦਿਆਲਾ ਹੈ ਜਿੱਥੋਂ ਧਰਮ ਕਮਾਉਣ ਦੀ ਜਾਂਚ ਸਿੱਖ ਕੇ ਮਨੁੱਖ ਤੋਂ ਦੇਵਤਾ ਬਣਨਾ ਹੈ। ਮਨੁੱਖ ਨੂੰ ਭਰੋਸਾ ਦਿਵਾਉਣਾ ਸੀ ਕਿ ਜਗਤ ਤੋਂ ਤਿਆਗੀ ਹੋ ਜਾਣਾ, ਮਾਨਸਿਕ ਕਮਜ਼ੋਰੀ ਹੈ। ਸਤਿਗੁਰੂ ਇਹ ਵੀ ਜਾਣਦੇ ਸਨ ਕਿ ਉਸ ਚੋਜੀ ਸਿਰਜਣਹਾਰ ਨੇ ਇਸ ਕੁਰਾਹੇ ਪਏ ਸੰਸਾਰ ਨੂੰ ਆਪ ਹੀ ਭੁੱਲ ਵਿੱਚ ਪਾਇਆ ਹੋਇਆ ਹੈ:

– ਮਾਇਆ ਲਗਿ ਭੂਲੋ ਸੰਸਾਰੁ॥ ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ॥(੧੧੪੩)

ਸੰਸਾਰ ਖੇਡ ਰੂਪੀ ਵਿਸ਼ਾਲ ਮਾਇਆ ਦੇ ਕਈ ਨਿਯਮ ਅਜੇਹੇ ਹਨ ਜਿੰਨ੍ਹਾਂ ਬਾਰੇ ਠੀਕ ਪਤਾ ਸਿਰਜਣਹਾਰ ਨੂੰ ਹੀ ਹੈ। ਅਸੀਂ ਜੀਵ ਪ੍ਰਭੂ ਦੀ ਇਸ ਚੌਪੜ ਖੇਡ ਦੀਆਂ ਕੇਵਲ ਨਰਦਾਂ ਮਾਤ੍ਰ ਹੀ ਹਾਂ। ਸਾਡੇ ਲਈ ਏਹੀ ਫਬਦਾ ਹੈ ਕਿ ਆਪਣੇ ਸਤਿਗੁਰਾਂ ਦੁਆਰਾ, ਪ੍ਰਭੂ ਦੇ ਹੁਕਮ ਦੀ ਕਾਰ ਜਾਣ ਕੇ ਉਸ ਵਿੱਚ ਰਹਿੰਦਿਆਂ ਸਬਰ ਸ਼ੁਕਰ ਕਰਦਿਆਂ ਸਦਾ ਸੁਕ੍ਰਿਤ ਰਹੀਏ।

– ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥ ਇਹ ਪੂੰਜੀ ਸਾਬਤੁ ਧਨੁ ਮਾਲੁ॥ (੧੮੨)

ਅਜੇਹੀ ਨੀਂਦ ਤੋਂ ਜਗਾਉਣ ਲਈ ਸਤਿਗੁਰਾਂ ਦੇ ਬੇਅੰਤ ਸ਼ਬਦ ਹਨ:

– ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ (੭੯੪)

– ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ॥ ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ॥
ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ॥
ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ॥ (੫੦੮)

– ਜੋਗੀ ਗ੍ਰਿਹੀ ਪੰਡਿਤ ਭੇਖਧਾਰੀ॥ ਏ ਸੂਤੇ ਅਪਣੈ ਅਹੰਕਾਰੀ॥
ਮਾਇਆ ਮਦਿ ਮਾਤਾ ਰਹਿਆ ਸੋਇ॥ ਜਾਗਤੁ ਰਹੈ ਨ ਮੂਸੈ ਕੋਇ॥ (੧੧੨੮)

– ਮਨਮੁਖ ਹਉਮੈ ਮਾਇਆ ਸੂਤੇ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ॥ (੧੦੪੯)

– ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ॥ ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ॥
ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ॥
ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ॥ਰਹਾਉ॥ (੪੦੯)

ਸਤਿਗੁਰਾਂ ਦਾ ਮਿੱਠਾ ਅਤੇ ਨਿਆਰਾ ਸਮਝਾਉਣ ਦਾ ਢੰਗ:

– ਸਿਆਮ ਸੁੰਦਰ ਤਜਿ ਨੀਦ ਕਿਉ ਆਈ॥ ਮਹਾ ਮੋਹਨੀ ਦੂਤਾ ਲਾਈ॥ (੭੪੫)

– ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥ ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥(੭੨੬)

– ਰੇ ਜਨ ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ॥
ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ॥ (੬੫੧)

– ਜਾਗਤ ਸੂਤਾ ਭਰਮਿ ਵਿਗੂਤਾ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ॥ (੧੦੧੯)

ਜਾਗਰਤ ਅਵਸਥਾ

– ਪੰਚ ਸੰਗੁ ਗੁਰ ਤੇ ਛੂਟੇ ਦੋਖ ਅਰੁ ਰਾਗਉ॥ ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ॥ (੮੦੮)

– ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥
ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ॥ (੧੧੧੧)

ਗੁਰਮੁਖਾਂ ਅੰਦਰ ਵਾਹਿਗੁਰੂ ਦੀ ਜੋਤਿ ਦਾ ਚਾਨਣਾ ਹੋ ਜਾਂਦਾ ਹੈ, ਉਹ ਹਰੇਕ ਜੀਵ ਵਿੱਚ ਉਸੇ ਰੱਬੀ ਜੋਤਿ ਨੂੰ ਵਸਦੀ ਸਮਝਦੇ ਹਨ। ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ ਇਸਤਰੀ ਭਟਕਣਾ ਦੇ ਕਾਰਨ ਕੁਰਾਹੇ ਪਈ ਰਹਿੰਦੀ ਹੈ। ਹਜ਼ੂਰ ਦਾ ਫੁਰਮਾਨ ਹੈ, ਗੁਰੂ ਦੇ ਸਨਮੁੱਖ ਰਹਿਣ ਵਾਲੇ ਮਨੁੱਖਾਂ ਅੰਦਰ ਆਤਮਿਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, ਉਨ੍ਹਾਂ ਦਾ ਮਨ ਉਸ ਚਾਨਣ ਵਿੱਚ ਪਰਚਿਆ ਰਹਿੰਦਾ ਹੈ। ਮਾਇਆ ਦੇ ਹੱਲਿਆਂ ਵਲੋਂ ਸੁਚੇਤ ਰਹਿੰਦਿਆਂ ਹੀ ਉਨ੍ਹਾਂ ਦੀ ਜੀਵਨ ਰਾਤ ਬੀਤਦੀ ਹੈ।

– ਜੁਗਹ ਜੁਗੰਤਰਿ ਇਹੁ ਤਤੁ ਸਾਰੁ॥ ਹਰਿ ਸਿਮਰਣੁ ਸਾਚਾ ਬੀਚਾਰੁ॥
ਜਿਸੁ ਲੜਿ ਲਾਇ ਲਏ ਸੋ ਲਾਗੈ॥ ਜਨਮ ਜਨਮ ਕਾ ਸੋਇਆ ਜਾਗੈ॥ (੧੧੪੩)

– ਮੋਹਿ ਅਨਾਥੁ ਦਾਸੁ ਜਨੁ ਤੇਰਾ ਅਵਰ ਓਟ ਸਗਲੀ ਮੋਹਿ ਤਿਆਗੀ॥
ਭੋਰ ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ॥ (੧੩੦੧)

– ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ ਸੰਤ ਪ੍ਰਸਾਦਿ ਮੋਹਿ ਜਾਗੀ॥
ਸੁਨਿ ਉਪਦੇਸੁ ਭਏ ਮਨ ਨਿਰਮਲ ਗੁਨ ਗਾਏ ਰੰਗਿ ਰਾਂਗੀ॥ (੧੨੬੭)

ਸੁਭਾਗੀ ਨੀਂਦ

– ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥ (੫੫੮)

– ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ॥ ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ॥ (੮੧੬)

– ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ॥
ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ॥
ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ॥
ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ॥ (੨੪੯)

– ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ॥ ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ॥ (੧੧੦੦)

– ਸੁਤੜੇ ਸੁਖੀ ਸਵੰਨ੍ਹਿ ਜੋ ਰਤੇ ਸਹ ਆਪਣੈ॥ ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨ੍ਹਿ॥ (੧੪੨੫)

ਨੀਂਦ ਅਤੇ ਪ੍ਰਭੂ ਦੀ ਯਾਦ

ਗੁਰੂ ਦੇ ਹੁਕਮ ਅਨੁਸਾਰ ਜੀਵਨ ਜੁਗਤ ਢਾਲ ਲੈਣ ਨਾਲ ਜਦੋਂ ਪ੍ਰਭੂ ਦੀਆਂ ਵਡਿਆਈਆਂ ਨਾਲ ਹਿਰਦੇ ਵਿੱਚ ਪਿਆਰ ਬਣ ਜਾਂਦਾ ਹੈ ਤਾਂ ਨੀਂਦ ਵਿੱਚ ਵੀ ਪ੍ਰਭੂ ਦੀ ਯਾਦ ਨਹੀਂ ਵਿਸਰਦੀ:

– ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ॥
ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ॥ ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ॥
ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ॥ ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ॥(੩੧੨)

– ਕਾਹੇ ਏਕ ਬਿਨਾ ਚਿਤੁ ਲਾਈਐ॥ ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ॥ (੩੭੯)

– ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ॥
ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ॥ (੫੩੦)

– ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ॥ ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥(੮੧੦)
– ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ॥
ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ॥(੧੦੦੬)

(ੳ) ਬਿਰਹਾ ਨੀਂਦ

– ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ॥
ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ॥

ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ॥
ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ॥ (੪੫੧)

- ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ ਨੀਂਦ ਪਲਕ ਨਹੀ ਜਾਗਿਓ॥
ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ ਬਿਨੁ ਪਿਰ ਸਭੈ ਬਿਖੁ ਲਾਗਿਓ॥ (੧੨੦੩)

(ਅ) ਸੁਪਨਾ

ਪ੍ਰਭੂ ਦੀ ਸਦੀਵੀ ਯਾਦ ਜਦ ਬਿਰਹਾ ਦਾ ਰੂਪ ਧਾਰ ਲਵੇ ਤਾਂ ਸੁਪਨਿਆਂ ਵਿੱਚ ਪ੍ਰਭੂ ਪ੍ਰਕਾਸ਼ ਤੇ ਕਈ ਤਰ੍ਹਾਂ ਨਾਲ ਪ੍ਰਤੱਖ ਦਰਸ਼ਨ ਹੋਣੇ ਅਰੰਭ ਹੋ ਜਾਂਦੇ ਹਨ ਅਤੇ ਫਿਰ ਜਾਗਰਤ ਅਵਸਥਾ ਨਾਲੋਂ ਸੁਪਨ ਅਵਸਥਾ ਚੰਗੀ ਲਗਣ ਲੱਗ ਪੈਂਦੀ ਹੈ:

- ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥(੧੪੨੭)

- ਸਾਧ ਸਰਨਿ ਚਰਨ ਚਿਤੁ ਲਾਇਆ॥
ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ ਨਾਮ ਮੰਤ੍ਰੁ ਸਤਿਗੁਰੂ ਦ੍ਰਿੜਾਇਆ॥ (੧੩੦੦)

- ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥ ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥
ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ॥ ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ॥ (੧੩੬੨)

ਗੁਰਬਾਣੀ ਦੇ ਸਿਧਾਂਤ ਸਮਝਣ ਸਮੇਂ ਇਸ ਪੱਖ ਨੂੰ ਨਹੀਂ ਭੁੱਲਣਾ ਕਿ ਸਾਰਿਆਂ ਰੋਗਾਂ ਦਾ ਦਾਰੂ ਕੇਵਲ ਨਾਮ ਹੀ ਹੈ। ਜਾਗਰਤ ਅਵਸਥਾ ਵਿੱਚ ਲਿਆਉਣ ਲਈ ਮਨੁੱਖ ਨੂੰ ਪ੍ਰਮਾਤਮਾ ਦੀ ਯਾਦ ਨਾਲ ਜੁੜਨ ਦਾ ਹੀ ਉਪਦੇਸ਼ ਹੈ। ਗੁਰਦੇਵ ਜੀ ਦਾ ਫੁਰਮਾਨ ਹੈ ਕਿ ਪ੍ਰਮਾਤਮਾ ਨੂੰ ਆਪਣੇ ਅੰਗ ਸੰਗ ਸਮਝਣ ਵਾਲਾ ਮਨੁੱਖ ਬੁਰਾ ਨਹੀਂ ਰਹਿ ਜਾਂਦਾ, "**ਨਿਕਟਿ ਬੁਝੈ ਸੋ ਬੁਰਾ ਕਿਉ ਕਰੈ**॥" ਮਨੁੱਖ ਨੇ ਨਾਮ ਦੀ ਮਹੱਤਤਾ ਨਾ ਸਮਝੀ ਅਤੇ ਪਦਾਰਥਾਂ ਵਿੱਚ ਕਰਾਮਾਤੀ ਸ਼ਕਤੀ ਦੇ ਹੋਣ ਦਾ ਭਰਮ ਨਾ ਗਵਾਇਆ। ਆਪਣੇ ਪਾਪਾਂ ਦਾ ਨਾਸ ਕਰਕੇ ਧਰਮੀ ਬਣ ਜਾਣ ਲਈ ਦ੍ਰਿਸ਼ਟਮਾਨ ਪਦਾਰਥਾਂ ਦਾ ਸਹਾਰਾ ਲੈਣ ਵੱਲੋਂ ਜਾਂ ਕਰਮਕਾਂਡੀ ਢੰਗ ਦੇ ਧਰਮ ਕਰਮਾਂ ਵੱਲੋਂ ਮਨ ਨਾ ਮੋੜਿਆ।

ਸੋਨਾ ਲਫ਼ਜ਼ ਦੀ ਅੱਡ-ਅੱਡ ਅਰਥਾਂ ਵਿੱਚ ਵਰਤੋਂ

(ੳ) ਪ੍ਰਭੂ ਵਿੱਚ ਲੀਨਤਾ

- ਸੁਖਿ ਸੋਇਓ ਅਰੁ ਸਹਜਿ ਸਮਾਇਓ ਸਹਸਾ ਗੁਰਹਿ ਗਵਾਏ॥
ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ ਫਲ ਪਾਏ॥ (੧੨੦੪)

- ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ॥ ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ॥ (੧੨੬੭)

- ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ॥ ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ॥
ਹਉ ਸੁਤੀ ਹੋਇ ਅੰਚਿੰਤ ਮਨਿ ਆਸ ਪੁਰਾਈਆ॥
ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ॥ (੧੩੬੧)

- ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ॥ ਗੁਰ ਪ੍ਰਸਾਦੀ ਬੁਝੀਐ ਸਾ ਧਨ ਸੁਤੀ ਨਿਚਿੰਦ॥
ਜਿਨ ਕਉ ਪੂਰਬਿ ਲਿਖਿਆ ਤਿਨ੍ਹਾ ਭੇਟਿਆ ਗੁਰ ਗੋਵਿੰਦੁ॥
ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ॥ (੧੪੧੫)

– ਦੇਹ ਛਿਜੰਦੜੀ ਊਣ ਮਝੂਣਾ ਗੁਰਿ ਸਜਣਿ ਜੀਉ ਧਰਾਇਆ॥
ਹਭੇ ਸੁਖ ਸੁਹੇਲੜਾ ਸੁਤਾ ਜਿਤਾ ਜਗੁ ਸਬਾਇਆ॥ (੯੬੪)

(ਅ) ਨੀਂਦ, ਸੌਣਾ

– ਮਨ ਰੇ ਗਹਿਓ ਨ ਗੁਰ ਉਪਦੇਸੁ॥ ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ॥ਰਹਾਉ॥
ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ॥
ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ॥ (੬੩੩)

– ਸਜੁ ਕਾਇਆ ਪਟੁ ਹਢਾਏ॥ ਫੁਰਮਾਇਸਿ ਬਹੁਤੁ ਚਲਾਏ॥
ਕਰਿ ਸੇਜ ਸੁਖਾਲੀ ਸੋਵੈ॥ ਹਥੀ ਪਉਦੀ ਕਾਹੇ ਰੋਵੈ॥ (੯੮੯)

– ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥ (੧੨੫੪)

– ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥ (੯੬)

(ਏ) ਵਿਅਰਥ ਉਮਰ ਗੁਜ਼ਾਰ ਦਿੱਤੀ

– ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ (੧੫੬)

– ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ॥ ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ॥
ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ॥ ਹਰਿ ਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ॥
ਗੁਰ ਪਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਲਾਗੈ ਕੋਇ॥
ਨਾਨਕ ਸਹਜੇ ਮਿਲਿ ਰਹੈ ਕਰਮਿ ਪਰਾਪਤਿ ਹੋਇ॥ (੯੪੮)

ਪਰ ਜਿਸ ਮਨੁੱਖ ਦੇ ਮਨ ਵਿੱਚ ਸਤਿਗੁਰੂ ਦੀ ਮਿਹਰ ਨਾਲ ਪ੍ਰਮਾਤਮਾ ਵਸਦਾ ਹੈ ਉਸ ਨੂੰ ਕੋਈ ਮੌਤ ਦਾ ਡੰਡਾ ਨਹੀਂ ਲੱਗਦਾ। ਗੁਰਦੇਵ ਦਾ ਫੁਰਮਾਨ ਹੈ, ਉਹ ਮਨੁੱਖ ਅਡੋਲ ਅਵਸਥਾ ਵਿੱਚ ਟਿਕਿਆ ਰਹਿੰਦਾ ਹੈ। ਇਹ ਅਵਸਥਾ ਉਸਨੂੰ ਪ੍ਰਮਾਤਮਾ ਦੀ ਕ੍ਰਿਪਾ ਨਾਲ ਮਿਲਦੀ ਹੈ।

– ਸਗਲੀ ਰੈਣਿ ਸੋਵਤ ਗਲਿ ਫਾਹੀ ਦਿਨਸੁ ਜੰਜਾਲਿ ਗਵਾਇਆ॥
ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ ਜਿਨਿ ਇਹੁ ਜਗਤੁ ਉਪਾਇਆ॥ (੧੧੨੬)

– ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ॥ ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ॥(੧੨੨੯)

(ਸ) ਸਦਾ ਦੀ ਨੀਂਦ ਸੌਣਾ

– ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥ (੨੩)

– ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥ ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥(੧੩੭੧)

– ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥ ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥ (੧੩੮੦)

– ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥

ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ॥(੧੩੮੧)

(ਹ) ਜਾਗਦੇ ਹੀ ਖੱਟਦੇ ਹਨ

- ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥ ਜਿੰਨ੍ਹਾ ਨੈਣ ਨੀਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ॥(੧੩੮੨)

- ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥ ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ॥ (੧੩੮੪)

- ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕਿ ਜਾਗੰਦੇ ਨਾ ਲਹਨ੍ਹਿ ਇਕਨ੍ਹਾ ਸੁਤਿਆ ਦੇਇ ਉਠਾਲਿ॥ (੧੩੮੪)

(ਕ) ਅਗਿਆਨਤਾ ਦੀ ਨੀਂਦ

- ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥
ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥ (੧੩੭੪)

ਕਈ ਕਈ ਢੰਗਾਂ ਨਾਲ ਏਨੀ ਲੰਮੀ ਸਿੱਖਿਆ ਦਿੱਤੀ ਜਾਣ ਤੇ ਵੀ ਮਨੁੱਖ ਮਾਇਆ ਦੇ ਮੋਹ ਵੱਲੋਂ ਸੁਚੇਤ ਨਾ ਹੋਇਆ। ਮਾਇਆ ਦੇ ਮੋਹ ਦੀ ਪਕੜ ਏਡੀ ਮਜ਼ਬੂਤ ਹੈ ਕਿ ਮਨੁੱਖ ਨੇ ਗੁਰੂ ਦੀ ਦੱਸੀ ਜਾਗਰਤ ਅਵਸਥਾ ਵਿੱਚ ਆਉਣਾ ਬੜਾ ਕਠਿਨ ਜਾਣਿਆ। ਕਿਸੇ ਵਿਰਲੇ ਭਾਗਾਂ ਵਾਲੇ ਦੀ ਸੁਰਤਿ ਗੁਰੂ ਨਾਨਕ ਜੀ ਦੇ ਗਿਆਨ ਨਾਲ ਜੁੜ ਕੇ ਮਾਇਆ ਦੇ ਮੋਹ ਵੱਲੋਂ ਮਰ ਗਈ ਅਤੇ ਉਸਨੂੰ ਆਤਮਿਕ ਜਾਗ ਆ ਗਈ।

- ਉਲਟ ਭਈ ਜੀਵਤ ਮਰਿ ਜਾਗਿਆ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ॥ ਭਾਇ ਬਸੇ ਜਮ ਕਾ ਭਉ ਭਾਗਿਆ॥ (੨੨੧)